Exam. Code: 0005
Sub. Code: 0407

2012
B.A./B.Sc.(General)-5$^{th}$ Semester
Punjabi (Elective)

Time allowed: 3 Hours | Max. Marks: 90

**ਨੋਟ:- ਪ੍ਰਸ਼ਨਾਂ ਦੇ ਉੱਤਰ ਤਰਤੀਬ ਅਨੁਸਾਰ ਦਿੱਤੇ ਜਾਣ। ਲਿਖਾਈ ਸੁੰਦਰ ਕੀਤੀ ਜਾਵੇ।**

-*-*-*-

1. ਹੇਠ ਲਿਖੇ ਕਾਵਿ-ਟੋਟਿਆਂ ਵਿੱਚੋਂ ਕਿਸੇ <u>ਇੱਕ</u> ਦੀ ਪ੍ਰਸੰਗ ਦੱਸ ਕੇ ਵਿਆਖਿਆ ਕਰੋ:-

ਰਾਂਝਾ ਆਖਦਾ, ਭਾਬੀਓ ਵੈਰਨੋ ਨੀ, ਤੁਸਾਂ ਭਾਈਆਂ ਨਾਲੋਂ ਵਿਛੋੜਿਆ ਜੇ।
ਤੁਸੀ ਰੂਹ ਨੂੰ ਬਹੁਤ ਦਿਲਗੀਰ ਕਰਕੇ, ਤੁਸਾਂ ਫੁੱਲ ਗੁਲਾਬ ਦਾ ਤੋੜਿਆ ਜੇ।
ਸਕਿਆਂ ਭਾਈਆਂ ਨਾਲੋਂ ਵਿਛੋੜ ਮੈਨੂੰ, ਕੰਡਾ ਵਿਚ ਕਲੇਜੜੇ ਛੋੜਿਆਂ ਜੇ।
ਭਾਈ ਜਿਗਰ ਤੇ ਜਾਨ ਸਾਂ ਅਸੀਂ ਅੱਠੇ, ਵੱਖੋ-ਵੱਖ ਹੀ ਚਾਇ ਵਿਛੋੜਿਆ ਜੇ।
ਜਦੋਂ ਸੁਫਾਂ ਹੈ ਟੁਰਨਗੀਆਂ ਤਰਫ ਜੰਨਤ, ਵਾਰਿਸ ਸ਼ਾਹ ਦੀ ਵਾਗ ਨ ਮੋੜਿਆ ਜੇ।

ਜਾਂ

ਜਦੋਂ ਹੋਇ ਸਰਕਾਰ ਦੇ ਸੁਾਸ ਪੂਰੇ, ਜਮ੍ਹਾਂ ਹੋਏ ਨੀ ਸਭ ਸਰਦਾਰ ਮੀਆਂ।
ਚੇਤ ਸਿੰਘ ਨੂੰ ਮਾਰਿਆ ਕੌਰ ਸਾਹਿਬ, ਸ਼ੁਰੂ ਹੋਈ ਦਰਬਾਰ ਤਲਵਾਰ ਮੀਆਂ।
ਖੜਗ ਸਿੰਘ ਮਹਾਰਾਜੇ ਨੇ ਢਾਹ ਮਾਰੀ, ਮੋਇਆ ਮੁੱਢ-ਕਦੀਮ ਦਾ ਯਾਰ ਮੀਆਂ।
ਸ਼ਾਹ ਮੁਹੰਮਦਾ ਅਸਾਂ ਭੀ ਨਾਲ ਮਰਨਾ, ਸਾਡਾ ਇਹੋ ਸੀ ਕੌਲ ਕਰਾਰ ਮੀਆਂ। (10)

2. ਕਿਸੇ ਇਕ ਕਵਿਤਾ ਦਾ ਵਿਸ਼ਾ-ਵਸਤੂ ਲਿਖੋ:-
(ੳ) ਮੁੱਠੀ-ਮੁੱਠੀ ਇਹ ਗੱਲ ਨਾ ਕਰੋ ਭੈਣਾਂ (ਵਾਰਿਸ ਸ਼ਾਹ)
(ਅ) ਸੋਹਣੀ ਮਹੀਂਵਾਲ (ਹਾਸ਼ਮ ਸ਼ਾਹ) (10)

3. (ੳ) ਹੇਠ ਲਿਖੀਆਂ ਸਤਰਾਂ ਵਿਚੋਂ ਕਿਸੇ ਇਕ ਦੀ ਪ੍ਰਸੰਗ ਸਹਿਤ ਵਿਆਖਿਆ ਕਰੋ:-
(1) ਇਨ੍ਹਾਂ ਕਿੱਥੇ ਰੱਜਣਾ? ਇਹ ਤਾਂ ਚਾਹੁੰਦੇ ਨੇ ਸਦਾ ਹੀ ਗ੍ਰਹਿਣੇ ਰਹਿਣ ਦੇਵਤੇ ਤੇ ਲੋਕ ਦਿੰਦੇ ਰਹਿੰਦੇ ਦਾਨ ਇਨ੍ਹਾਂ ਨੂੰ, ਤਾਂ ਜੋ ਬਿਨਾ ਹੱਥ ਪੈਰ ਹਿਲਾਇਆ ਚਲਦਾ ਰਹੇ ਹਲਵਾ ਮੰਡਾ ਇਨ੍ਹਾਂ ਦਾ।
(2) ਮੈਂ ਕੋਈ ਤੌਹੀਨ ਨਹੀਂ ਕਰ ਰਿਹਾ। ਉਨ੍ਹਾਂ ਨੂੰ ਹਿੰਦੂ, ਮੋਮਨ ਬੜੇ ਪਿਆਰੇ ਨੇ। ਮੈਂ ਆਪਣਾ ਦੀਨ ਨਹੀਂ ਤਿਆਗ ਰਿਹਾ, ਸਗੋਂ ਦੀਨ ਦੇ ਰਾਖੇ ਕੋਲ ਜਾਣਾ ਚਾਹੁੰਦਾ ਹਾਂ। (10)

(ਅ) 'ਜਿਨੁ ਸਚੁ ਪਲੇ ਹੋਇ' ਨਾਟਕ ਦੀ ਆਲੋਚਨਾ ਕਰੋ।

ਜਾਂ

'ਅਮਰ' ਦਾ ਚਰਿੱਤਰ-ਚਿਤਰਨ ਕਰੋ। (10)

***P.T.O.***

4. ਹੇਠ ਲਿਖੇ ਪ੍ਰਸ਼ਨਾਂ ਵਿਚੋਂ ਪੰਜ ਪ੍ਰਸ਼ਨਾਂ ਦੇ ਉੱਤਰ ਦਿਓ (ਕਵਿਤਾ ਭਾਗ ਵਿੱਚੋਂ ਤੀਨ, ਨਾਟਕ ਭਾਗ ਵਿੱਚੋਂ 2):-

(ੳ) ਵਾਰਿਸ ਸ਼ਾਹ ਅਨੁਸਾਰ ਹੀਰ ਕਿਹੋ ਜਿਹੀ ਸੀ?

(ਅ) ਸੱਸੀ ਨੇ ਪੁੰਨੂੰ-ਨੂੰ ਆਪਣੇ ਬਾਰੇ ਕੀ ਦੱਸਿਆ?

(ੲ) ਚੇਤ ਸਿੰਘ ਨੂੰ ਕਿਸ ਨੇ ਮਾਰਿਆ ਸੀ?

(ਸ) 'ਮੱਧਕਾਲ ਅਤੇ ਮੁੱਢਲੇ ਬਸਤੀਵਾਦੀ ਕਾਲ ਦੀ ਪੰਜਾਬੀ ਕਵਿਤਾ' ਕਾਵਿ-ਸੰਗ੍ਰਹਿ ਦਾ ਸੰਪਾਦਕ ਕੌਣ ਹੈ?

(ਹ) ਜਦੋਂ ਸੂਰਜ ਗ੍ਰਹਿਣ ਲਗਦਾ ਹੈ ਤਾਂ ਧੰਨ ਦੇਵੀ ਕੀ ਕਰਦੀ ਹੈ?

(ਕ) ਜੋਗੀ ਹਰੋ ਨੂੰ ਕੀ ਕਹਿੰਦਾ ਹੈ?

(ਖ) ਅਮਰ ਤੇ ਜੋਗੀਆਂ ਦੀ ਝੜਪ ਸਪੱਸ਼ਟ ਕਰੋ।

(ਗ) ਸਿਪਾਹੀ ਮੁੱਕਦਮ ਨੂੰ ਕੀ ਕਹਿੰਦਾ ਹੈ? (2×5)

5. ਹੇਠ ਲਿਖੇ ਪ੍ਰਸ਼ਨਾਂ ਵਿੱਚੋਂ ਕਿਸੇ ਚਾਰ ਪ੍ਰਸ਼ਨਾਂ ਦੇ ਉੱਤਰ ਲਿਖੋ:-

(ੳ) ਪੂਰਵ ਨਾਨਕ ਕਾਲ ਵਿਚ ਲਿਖੀਆਂ ਵਾਰਾਂ ਦੇ ਨਾਂ ਲਿਖੋ।

(ਅ) ਨਾਦਰਸ਼ਾਹ ਦੀ ਵਾਰ ਦੀਆਂ ਕਾਵਿ-ਵਿਸ਼ੇਸ਼ਤਾਵਾਂ ਲਿਖੋ।

(ੲ) 'ਵਾਰ' ਅਤੇ 'ਜੰਗਨਾਮੇ' ਦਾ ਅੰਤਰ ਸਪੱਸ਼ਟ ਕਰੋ।

(ਸ) 18ਵੀਂ ਸਦੀ ਵਿਚ ਰਚੀਆਂ ਗਈਆਂ ਵਾਰਾਂ ਦਾ ਨਾਂ ਲਿਖੋ।

(ਹ) ਵਾਰ ਕਾਵਿ ਦੀਆਂ ਵਿਸ਼ੇਸ਼ਤਾਵਾਂ ਦੱਸੋ।

(ਕ) 'ਚੱਠਿਆਂ ਦੀ ਵਾਰ' ਦੇ ਕਾਵਿ-ਗੁਣ ਦੱਸੋ। (5×4)

6. ਕਿਸੇ ਇਕ ਭਾਰਤੀ ਕਾਵਿ-ਸ਼ਾਸਤਰ 'ਤੇ ਨੋਟ ਲਿਖੋ:-

(ੳ) ਰੀਤੀ ਸੰਪਰਦਾਇ

(ਅ) ਔਚਿਤਯ ਸੰਪਰਦਾਇ (10)

7. ਕਿਸੇ ਇਕ ਸਾਹਿਤ ਰੂਪ 'ਤੇ ਨੋਟ ਲਿਖੋ:-

(ੳ) ਵਾਰ

(ਅ) ਕਿੱਸਾ (10)

-*-*-*-